ਵਿਨੀਪੈੱਗ ਸਕੂਲ ਡਿਵੀਜ਼ਨ

# ਵਿਆਪਕ

# ਮੁਲਾਂਕਣ

# ਪ੍ਰੋਗਰਾਮ

**(Comprehensive Assessment Program)**



## ਵਿਆਪਕ ਮੁਲਾਂਕਣ ਪ੍ਰੋਗਰਾਮ ਕੀ ਹੈ?

ਵਿਨੀਪੈੱਗ ਸਕੂਲ ਡਿਵੀਜ਼ਨ ਦਾ ਵਿਆਪਕ ਮੁਲਾਂਕਣ ਪ੍ਰੋਗਰਾਮ (ਕੰਪਰੀਹੈਂਸਿਵ ਅਸੈੱਸਮੈਂਟ ਪ੍ਰੋਗਰਾਮ) ਨਰਸਰੀ ਤੋਂ ਛੇਵੀਂ ਜਮਾਤ ਤਕ ਦੇ ਬੱਚਿਆਂ ਨੂੰ ਹਰ ਬੱਚੇ ਦੇ ਹੇਠ ਲਿਖਿਆਂ ਹੁਨਰਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੰਦਾ ਹੈ:

- ਇੰਗਲਿਸ਼ ਲੈਂਗੂਏਜ ਆਰਟਸ (ਐੱਨ-6)
- ਗਣਿਤ ((ਐੱਨ-6)
- ਬੇਸਿਕ ਮੂਵਮੈਂਟ ਸਕਿੱਲਜ਼ (ਕੇ-5)
- ਸਮਾਜਿਕ/ ਜਜ਼ਬਾਤੀ ਵਰਤਾਰਾ (ਐੱਨ-4)
- ਫਰੈਂਚ ਲੈਂਗੂਏਜ ਆਰਟਸ (1-6)
  (ਸਿਰਫ਼ ਇਮਰਸ਼ਨ ਸਕੂਲ ਲਈ)

ਕਿੰਡਰਗਾਰਟਨ ਦੇ ਸਭ ਬੱਚਿਆਂ ਨੂੰ ਵਲੰਟੀਅਰਾਂ ਤੋਂ ਆਪਣੀ ਸੁਣਨ-ਸ਼ਕਤੀ ਦੀ ਜਾਂਚ ਵੀ ਕਰਵਾਉਣੀ ਹੋਵੇਗੀ।

ਇੱਕ ਵਾਰੀ ਜਮਾਤ ਦਾ ਕਾਰਜ-ਕ੍ਰਮ ਨਿਸ਼ਚਿਤ ਚਾਲ ਚੱਲ ਪਵੇ, ਅਧਿਆਪਕ ਹਰ ਬੱਚੇ ਨਾਲ ਮੁਲਾਂਕਣ ਦੀਆਂ ਗਤੀਵਿਧੀਆਂ ਅਤੇ ਇੰਟਰਵਿਊ ਕਰਨੇ ਸ਼ੁਰੂ ਕਰ ਦਿੰਦਾ ਹੈ। ਕਈ ਗਤੀਵਿਧੀਆਂ ਇੱਕ ਕਲਾਸ ਜਾਂ ਗਰੁੱਪ ਦੇ ਤੌਰ ਤੇ ਕੀਤੀਆਂ ਜਾਂਦੀਆਂ ਹਨ ਪਰ ਸਭਨਾ ਗਤੀਵਿਧੀਆਂ ਵਿੱਚ ਅਧਿਆਪਕ ਅਤੇ ਬੱਚੇ ਵਿੱਚ ਪਰਸਪਰ ਮੇਲ-ਮਿਲਾਪ ਸ਼ਾਮਿਲ ਹੁੰਦਾ ਹੈ। ਮੁਲਾਂਕਣ ਦੀ ਸਮੁੱਚੀ ਕਾਰਵਾਈ ਨਵੰਬਰ ਤਕ ਮੁਕੰਮਲ ਹੋ ਜਾਵੇਗੀ।

## ਸਕੂਲ ਜਾਣਕਾਰੀ ਨੂੰ ਕਿਵੇਂ ਵਰਤੇਗਾ?

ਖੋਜ ਤੋਂ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਕਿਸੇ ਬੱਚੇ ਦੀ ਕਾਰਗੁਜ਼ਾਰੀ ਦਾ ਅਸਰਦਾਰ ਤਰੀਕੇ ਨਾਲ ਮੁਲਾਂਕਣ ਕੀਤਾ ਜਾਣਾ ਬੱਚੇ ਦੀ ਸਿਖਲਾਈ ਵਿੱਚ ਮਦਦਗਾਰ ਸਾਬਤ ਹੋਵੇਗਾ। ਵੇਖਣ ਵਿੱਚ ਆਇਆ ਹੈ ਕਿ ਵਿਅਕਤੀਗਤ ਮੁਲਾਂਕਣ ਤੇ ਖਰਚ ਕੀਤਾ ਗਿਆ ਸਮਾਂ ਠੀਕ ਤਰ੍ਹਾਂ ਨਾਲ ਖਰਚ ਕੀਤਾ ਗਿਆ ਵਕਤ ਹੁੰਦਾ ਹੈ।

ਮੁਲਾਂਕਣ ਤੋਂ ਹਾਸਲ ਹੋਈ ਜਾਣਕਾਰੀ ਨੂੰ ਤੁਹਾਡੇ ਬੱਚੇ ਦਾ ਅਧਿਆਪਕ ਸਿੱਖਿਆ ਵਿੱਚ ਖੂਬੀਆਂ ਅਤੇ ਕਮੀਆਂ ਦੀ ਬਿਨਾ ਤੇ ਤੁਹਾਡੇ ਬੱਚੇ ਅਤੇ ਪੂਰੀ ਜਮਾਤ ਲਈ ਢੁਕਵੇਂ ਪ੍ਰੋਗਰਾਮ ਤਿਆਰ ਕਰੇਗਾ।

ਇਸ ਨਾਲ ਜਿਉਂ-ਜਿਉਂ ਤੁਹਾਡਾ ਬੱਚਾ ਵੱਡਾ ਹੋਵੇਗਾ, ਅਕਾਦਮਿਕ ਅਤੇ ਸਮਾਜਿਕ ਵਿਕਾਸ ਵਿਖਾਉਣਾ ਵੀ ਸੰਭਵ ਹੋ ਸਕੇਗਾ।



## ਇੰਗਲਿਸ਼ ਲੈਂਗੁਏਜ ਆਰਟਸ

ਮੁਲਾਂਕਣ ਦੀ ਕਾਰਵਾਈ ਦਾ ਇੱਕ ਹਿੱਸਾ ਸਾਖਰਤਾ ਦੇ ਗੁਣਾਂ ਦਾ ਕਰਨਾ ਹੈ। ਪੜ੍ਹਣ, ਲਿਖਣ, ਬੋਲਣ, ਬੋਲੀ ਨੂੰ ਸੁਣਨ, ਇੱਕ-ਦੂਜੇ ਨਾਲ ਗੱਲਬਾਤ ਕਰਨ ਅਤੇ ਦੁਨੀਆਂ ਦੀ ਸਮਝ ਹਾਸਲ ਕਰਨ ਦੀ ਯੋਗਤਾ ਨੂੰ ਸਾਖਰਤਾ ਕਹਿੰਦੇ ਹਨ।

ਨਰਸਰੀ/ ਕਿੰਡਰਗਾਰਟਨ ਪੱਧਰ ਤੇ ਛੋਟੇ ਬੱਚਿਆਂ ਨੂੰ ਸਟਾਪ-ਸਾਈਨ, ਪੈਦਲ ਚੱਲਣ ਵਾਲਿਆਂ ਦੇ ਰਸਤੇ ਦੇ ਇਸ਼ਾਰਿਆਂ ਵਰਗੇ ਆਮ ਇਸ਼ਾਰਿਆਂ, ਐਲਫਾਬੈੱਟ ਦੇ ਅੱਖਰਾਂ ਦਾ ਨਾਮ ਦੱਸਣ, ਜਾਣੀਆਂ-ਪਛਾਣੀਆਂ ਕਹਾਣੀਆਂ ਮੁੜ ਸੁਣਾਉਣ, ਆਪਣਾ ਨਾਮ ਲਿਖਣ, ਅਤੇ ਸਾਦੀ ਤੁਕਬੰਦੀ ਕਹਿਣ ਨਾਲ ਮੁਲਾਂਕਣ ਆਰੰਭ ਹੁੰਦਾ ਹੈ। ਜਿਉਂ-ਜਿਉਂ ਬੱਚੇ ਵੱਡੀਆਂ ਜਮਾਤਾਂ ਵਿੱਚ ਪਹੁੰਚਦੇ ਜਾਂਦੇ ਰਹਿੰਦੇ ਹਨ, ਉਨ੍ਹਾਂ ਨੂੰ ਆਪਣੇ ਦਰਜੇ ਦੀਆਂ ਕਿਤਾਬਾਂ ਪੜ੍ਹ ਕੇ ਮੁੜ ਸੁਣਾਉਣ ਅਤੇ ਕਹਾਣੀਆਂ ਲਿਖਣ ਲਈ ਆਖਿਆ ਜਾਂਦਾ ਹੈ।

ਦਰਜਾ ਪੰਜ ਅਤੇ ਛੇ ਵਿੱਚ ਵਿਦਿਆਰਥੀ ਸ਼ਾਂਤ ਰਹਿ ਕੇ ਪੜ੍ਹਦੇ ਹਨ ਅਤੇ ਕੀਤੀ ਪੜ੍ਹਾਈ ਦੇ ਆਧਾਰ ਤੇ ਉਨ੍ਹਾਂ ਨੂੰ ਲਿਖਣ ਦੇ ਕਾਰਜਾਂ ਦਿੱਤੇ ਜਾਂਦੇ ਹਨ।

## ਗਣਿਤ

ਗਣਿਤ ਵਿੱਚ ਮੁਲਾਂਕਣ ਦਾ ਧਿਆਨ ਇਹ ਜਾਣਨ ਤੇ ਹੁੰਦਾ ਹੈ ਕਿ ਬੱਚੇ ਨੰਬਰਾਂ ਜਾ ਅੰਕਾਂ ਬਾਰੇ ਕੀ ਜਾਣਦੇ ਹਨ।

ਅੰਕਾਂ ਦੀ ਚੰਗੀ ਸਮਝ ਰੱਖਣ ਵਾਲੇ ਬੱਚੇ ਅੰਕਾਂ ਦੀ ਵਰਤੋਂ ਆਸਾਨੀ ਨਾਲ ਕਰਦੇ ਹਨ ਅਤੇ ਉਨਾਂ ਕਈ ਤਰੀਕਿਆਂ ਨੂੰ ਪਛਾਣ ਜਾਂਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦੇ ਆਲੇ-ਦੁਆਲੇ ਦੀ ਦੁਨੀਆਂ ਵਿੱਚ ਅੰਕ ਵਰਤੇ ਜਾਂਦੇ ਹਨ।

ਛੋਟੇ ਬੱਚਿਆਂ ਨੂੰ ਉੱਚੀ ਬੋਲ ਕੇ ਗਿਣਤੀ ਕਰਨ, ਵਸਤਾਂ ਦੀ ਗਿਣਤੀ ਕਰਨ, ਅਤੇ ਅੰਕਾਂ ਦੀ ਪਛਾਣ ਕਰਨ ਲਈ ਆਖਿਆ ਜਾਂਦਾ ਹੈ। ਜਿਉਂ-ਜਿਉਂ ਬੱਚੇ ਵੱਡੀਆਂ ਜਮਾਤਾਂ ਵਿੱਚ ਪਹੁੰਚਦੇ ਜਾਂਦੇ ਹਨ, ਇਹ ਗਤੀਵਿਧੀਆਂ ਵਧੇਰੇ ਗੁੰਝਲਦਾਰ ਹੁੰਦੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿੱਚ ਅੰਕਾਂ ਨਾਲ ਸੰਬੰਧਤ ਮੁਸ਼ਕਲਾਂ ਦਾ ਹੱਲ ਕਰਨਾ ਵੀ ਸ਼ਾਮਿਲ ਹੁੰਦਾ ਹੈ।

ਪੰਜਵੇਂ ਅਤੇ ਛੇਵੇਂ ਦਰਜੇ ਵਿੱਚ ਵਿਦਿਆਰਥੀ ਅੰਕ-ਗਣਿਤ (ਐਲਜੈਬਰਾ) ਦੇ ਆਧਾਰ ਤੇ ਤਰਕ ਅਤੇ ਵਿਅਕਤੀਗਤ ਤਸ਼ਖੀਸੀ ਇੰਟਰਵਿਊਆਂ ਵਿੱਚ ਹਿੱਸਾ ਲੈਣ ਤੇ ਕੇਂਦ੍ਰਿਤ ਸਮੂਹਿਕ ਕਾਰਜਾਂ ਵਿੱਚ ਸ਼ਾਮਿਲ ਹੁੰਦੇ ਹਨ।

## ਫ੍ਰੈਂਚ ਲੈਂਗੁਏਜ ਆਰਟਸ

ਮੁਢਲੇ ਦਰਜਿਆਂ ਵਿੱਚ ਵਿਦਿਆਰਥੀਆਂ ਨੂੰ ਬੁਨਿਆਦੀ ਸ਼ਬਦਾਵਲੀ ਦੀ ਸੂਝ ਵਿਖਾਉਣ, ਕਲਾਸਰੂਮ ਵਿਚਲੀਆਂ ਵਸਤਾਂ, ਰੰਗਾਂ, ਅਤੇ ਫ੍ਰੈਂਚ ਅੱਖਰਾਂ ਦੇ ਨਾਮ ਦੱਸਣ ਅਤੇ ਸਾਦ-ਮੁਰਾਦੀਆਂ ਕਵਿਤਾਵਾਂ ਬੋਲਣ ਲਈ ਕਿਹਾ ਜਾਂਦਾ ਹੈ। ਜਿਉਂ-ਜਿਉਂ ਬੱਚੇ ਵੱਡੀਆਂ ਜਮਾਤਾਂ ਵਿੱਚ ਪਹੁੰਚਦੇ ਹਨ, ਉਨ੍ਹਾਂ ਨੂੰ ਆਪਣੇ ਦਰਜੇ ਦੀਆਂ ਕਿਤਾਬਾਂ ਪੜ੍ਹਣ ਅਤੇ ਫ੍ਰੈਂਚ ਵਿੱਚ ਇੱਕ ਛੋਟਾ ਜਿਹਾ ਪੈਰਾ ਲਿਖਣ ਲਈ ਆਖਿਆ ਜਾਂਦਾ ਹੈ।

## ਸਮਾਜਿਕ-ਜਜ਼ਬਾਤੀ ਤਰੱਕੀ

ਸਮਾਜਿਕ ਹੁਨਰੀ ਅਤੇ ਪੜ੍ਹਾਈ ਵਿੱਚ ਕਾਮਯਾਬੀ ਦਾ ਬੜਾ ਨੇੜੇ ਦਾ ਸੰਬੰਧ ਹੈ। ਅਧਿਆਪਕ ਬੱਚਿਆਂ ਦਾ ਮੁਲੰਕਣ ਉਨ੍ਹਾਂ ਦਾ ਵਰਤਾਰਾ ਵੇਖ ਕੇ ਹੀ ਕਰਦੇ ਹਨ। ਬੱਚਿਆਂ ਨੂੰ ਸਕੂਲ ਵਿੱਚ ਵਧੇਰੇ ਕਾਮਯਾਬ ਹੋਣ ਲਈ ਜ਼ਰੂਰੀ ਸਮਾਜਿਕ ਗੁਣਾਂ ਵਿੱਚੋਂ ਕੁੱਝ ਗੁਣ ਹੇਠਾਂ ਦੱਸੇ ਗਏ ਹਨ:

- ਆਪਣੇ ਕਾਰਜਾਂ ਲਈ ਜ਼ਿੰਮੇਵਾਰੀ ਲੈਣਾ;
- ਚੰਗੇ ਫੈਸਲੇ ਕਰਨਾ ਸਿੱਖਣਾ
- ਗਰੁੱਪਾਂ ਵਿੱਚ ਸ਼ਾਮਲ ਹੋਣਾ
- ਦੂਜਿਆਂ ਦੇ ਵਿਚਾਰਾਂ ਨੂੰ ਪ੍ਰਵਾਨਗੀ ਦੇਣਾ

- ਝਗੜਿਆਂ ਦਾ ਹੱਲ ਕਰਨਾ ਸਿੱਖਣਾ

**ਬੁਨਿਆਦੀ ਹਰਕਤ ਅਤੇ 'ਫਾਈਨ ਮੋਟਰ' ਹੁਨਰ**

ਖੋਜ ਤੋਂ ਪਤਾ ਲੱਗਦਾ ਹੈ ਕਿ ਹਰਕਤ ਦੇ ਬੁਨਿਆਦੀ ਹੁਨਰ ਕਿਸੇ ਵਿਅਕਤੀ ਦੇ ਸਰਗਰਮ ਹੋਣ ਲਈ ਜ਼ਰੂਰੀ ਹਨ। ਜਿਨ੍ਹਾਂ ਵਿਦਿਆਰਥੀਆਂ ਨੂੰ ਹਰਕਤ ਦੇ ਬੁਨਿਆਦੀ ਹੁਨਰ ਵਿਕਸਤ ਕਰਨ ਵਿੱਚ ਸਹਾਇਤਾ ਦੀ ਲੋੜ ਹੋਵੇ, ਉਨ੍ਹਾਂ ਲਈ ਇਨਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੀ ਲੋੜ ਮੁਤਾਬਕ ਢਾਲਣਾ ਜ਼ਰੂਰੀ ਹੈ। ਸਰੀਰਕ ਸਿੱਖਿਆ ਦੀਆਂ ਜਮਾਤਾਂ ਵੇਲੇ ਵਿਦਿਆਰਥੀਆਂ ਨੂੰ ਗਤੀਵਿਧੀਆਂ ਕਰਦਿਆਂ ਅਤੇ ਖੇਡਾਂ ਵਿੱਚ ਹਿੱਸਾ ਲੈਂਦਿਆਂ ਵੇਖ ਕੇ ਅਧਿਆਪਕ ਮੁਲਾਂਕਣ ਕਰਦੇ ਹਨ।

ਪ੍ਰਿੰਟਿੰਗ, ਕੈਂਚੀਆਂ ਵਰਤਣ, ਅਤੇ ਪਹੇਲੀਆਂ ਹੱਲ ਕਰਨ ਵਰਗੀਆਂ ਕਲਾਸਰੂਮ ਗਤੀਵਿਧੀਆਂ ਵਿੱਚ ਬੱਚਿਆਂ ਦਾ ਨਿਰੀਖਣ ਕਰਨ ਨਾਲ ਅਧਿਆਪਕ ਵੱਲੋਂ 'ਫਾਈਨ ਮੋਟਰ' ਹੁਨਰਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ।

**ਮਾਪਿਆਂ ਦਾ ਰੋਲ**

ਬੱਚੇ ਦੀ ਸਿਖਲਾਈ ਲਈ ਸਭ ਤੋਂ ਵਧੀਆ ਸਹਾਰਾ ਮਾਪਿਆਂ ਅਤੇ ਅਧਿਆਪਕਾਂ ਦਾ ਮਿਲ ਕੇ ਕੰਮ ਕਰਨਾ ਹੀ ਹੁੰਦਾ ਹੈ। ਮਿਲ ਕੇ ਉਹ ਯਕੀਨੀ ਬਣਾਉਂਦੇ ਹਨ ਕਿ ਬੱਚੇ ਨੂੰ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਲੁੜੀਂਦੇ ਸਭ ਹੁਨਰ ਮਿਲ ਜਾਣ।

ਪੇਰੈਂਟ/ਟੀਚਰ ਕਾਨਫਰੰਸਾਂ ਅਤੇ ਬਾਕਾਇਦਾ ਰਿਪੋਰਟਾਂ ਭੇਜਣ ਰਾਹੀਂ ਕਲਾਸਰੂਮ ਅਧਿਆਪਕ ਉਨਾਂ ਹੁਨਰਾਂ ਅਤੇ ਗਿਆਨ ਬਾਰੇ ਜਾਣਕਾਰੀ ਸਾਂਝੀ ਕਰੇਗਾ ਜੋ ਤੁਹਾਡੇ ਬੱਚੇ ਨੇ ਵਿਖਾਏ ਹਨ।

ਅਧਿਆਪਕ ਇਸ ਬਾਰੇ ਜਾਣਕਾਰੀ ਦੇਣਗੇ ਕਿ ਤੁਹਾਡਾ ਬੱਚਾ ਕਿਵੇਂ ਤਰੱਕੀ ਵਿਖਾ ਰਿਹਾ ਹੈ, ਪ੍ਰੋਗਰਾਮਿੰਗ ਬਾਰੇ ਜਾਣਕਾਰੀ ਦੇਣਗੇ ਅਤੇ ਇਸ ਬਾਰੇ ਵੀ ਸੁਝਾਅ ਦੇ ਸਕਦੇ ਹਨ ਕਿ ਸਕੂਲ ਅਤੇ ਘਰ ਵਿੱਚ ਆਪਣੇ ਬੱਚੇ ਦੀ ਸਿਖਲਾਈ ਵਿੱਚ ਤੁਸੀਂ ਕਿਵੇਂ ਸਹਾਇਤਾ ਕਰ ਸਕਦੇ ਹੋ।

**ਵਧੇਰੇ ਜਾਣਕਾਰੀ ਲਈ ਆਪਣੇ ਬੱਚੇ ਦੇ ਅਧਿਆਪਕ ਨਾਲ ਸੰਪਰਕ ਕਰੋ।**